# ਨਿੱਜੀ ਲਸੰਸ ਵਾਸਤੇ ਅਰਜ਼ੀ ਦੇਣ ਬਾਰੇ ਜਾਣਕਾਰੀ ਲਈ ਨੋਟ (ਲਾਇਸੰਸਿੰਗ ਐਕਟ 2003)

ਗਰਾਂਟ ਅਰਜ਼ੀ ਦੇਣ ਵੇਲੇ ਕੁਝ ਇਕ ਗੱਲਾਂ ਦੀ ਪੂਰਤੀ ਹੋਣੀ ਜ਼ਰੂਰੀ ਹੈ ਜੋ ਇਸ ਪਰਕਾਰ ਹਨ:

- ਤੁਹਾਡੀ ਉਮਰ ਘੱਟ ਤੋਂ ਘੱਟ 18 ਸਾਲ ਹੋਵੇ
- ਸੈਕਰੇਟਰੀ ਆਫ਼ ਸਟੇਟ ਵਲੋਂ ਮਾਨਤਾ-ਪ੍ਰਾਪਤ ਲਾਇਸੰਸਿੰਗ ਯੋਗਤਾ ਹੋਵੇ (ਜਾਂ ਜਿਸਨੂੰ ਅਜਿਹਾ ਸਰਟੀਫਿਕੇਟ ਮਿਲਿਆ ਹੋਵੇ)
- ਹੇਠ ਲਿਖਿਆਂ ਵਿਚੋਂ ਇਕ ਹੋਵੇ:

    1. ਮੁਜਰਮਾਨਾ ਦੋਸ਼-ਸਿੱਧੀਆਂ (ਕ੍ਰਿਮਿਨਲ ਕਨਵਿਕਸ਼ਨਜ਼) ਦਾ ਪ੍ਰਗਟਾਉ ਅਤੇ ਘੋਸ਼ਣਾ ਫ਼ਾਰਮ ਭਰਿਆ ਹੋਇਆ (ਜਿਸਨੂੰ ਕ੍ਰਿਮਿਨਲ ਰਿਕਾਰਡਜ਼ ਬਿਊਰੋ ਵਲੋਂ ਜਾਰੀ ਕੀਤਾ ਜਾਂਦਾ ਹੈ)

    2. ਕ੍ਰਿਮਿਨਲ ਕਨਵਿਕਸ਼ਨਜ਼ ਸਰਟੀਫਿਕੇਟ

    3. ਕ੍ਰਿਮਿਨਲ ਰਿਕਾਰਡ ਸਰਟੀਫਿਕੇਟ

    4. ਨੈਸ਼ਨਲ ਇੰਟੈਲੀਜੈਂਸ ਸਰਵਿਸ ਰਾਹੀਂ ਪੁਲਿਸ ਨੈਸ਼ਨਲ ਕੰਪਿਊਟਰ ਨਾਲ ਵਿਅਕਤੀ ਬਾਰੇ ਕੀਤੀ ਖੋਜ ਦੇ ਨਤੀਜੇ

    (ਅਜਿਹੇ ਸਰਟੀਫਿਕੇਟ ਜਾਂ ਖੋਜ ਨਤੀਜੇ ਲਾਇਸੰਸਿੰਗ ਅਥਾਰਿਟੀ ਨੂੰ ਅਰਜ਼ੀ ਦੇਣ ਤੋਂ ਇਕ ਕੈਲੰਡਰ ਮਹੀਨੇ ਤੋਂ ਵੱਧ ਸਮੇਂ ਤੋਂ ਪਹਿਲਾਂ ਜਾਰੀ ਨਹੀਂ ਹੋਣੇ ਚਾਹੀਦੇ)

- ਤੁਹਾਡੀ ਅਰਜ਼ੀ ਦੇਣ ਤੋਂ ਪਹਿਲਾਂ ਪੰਜ ਸਾਲਾਂ ਦੇ ਅੰਦਰ ਤੁਹਾਡਾ ਨਿੱਜੀ ਲਸੰਸ ਜ਼ਬਤ ਨਹੀਂ ਹੋਇਆ ਹੋਣਾ ਚਾਹੀਦਾ।

- ਨੌਰਥ ਲਿੰਕਨਸ਼ਾਇਰ ਕੌਂਸਲ ਨੂੰ ਸਹੀ ਫ਼ਾਰਮ ’ਤੇ ਅਰਜ਼ੀ ਦੇਣੀ ਚਾਹੀਦੀ ਹੈ।

- ਆਪਣੀਆਂ ਦੋ ਫੋਟੋ ਦਿਓ। ਇਕ ਫੋਟੋ ’ਤੇ ਤੁਹਾਡੀ ਸਹੀ ਦਿੱਖ ਹੋਣ ਬਾਰੇ ਤਸਦੀਕ ਹੋਣੀ ਚਾਹੀਦੀ ਹੈ ਜੋ ਕੋਈ ਵਕੀਲ ਜਾਂ ਨੋਟਰੀ, ਸਮਾਜ ਦਾ ਨੇਤਾ ਜਾਂ ਪ੍ਰੋਫੈਸ਼ਨਲ ਯੋਗਤਾ ਵਾਲਾ ਕੋਈ ਵੀ ਵਿਅਕਤੀ ਕਰ ਸਕਦਾ ਹੈ।

- 37 ਪੌਂਡ ਦੀ ਉਚਿਤ ਫੀਸ ਦੇ ਨਾਲ ਇਸਨੂੰ ਇਸ ਪਤੇ ’ਤੇ ਭੇਜੋ:

**North Lincolnshire Council**
**Neighbourhood & Environmental Services**
**Licensing Division**
**Church Square House**
**PO Box 42**
**Scunthorpe**
**North Lincolnshire**
**DN15 6XQ**

(ਕ੍ਰਿਪਾ ਕਰਕੇ ਚੈੱਕ ਨੌਰਥ ਲਿੰਕਨਸ਼ਾਇਰ ਕੌਂਸਲ ਦੇ ਨਾਮ ਲਿਖੋ)

ਜੇਕਰ ਤੁਹਾਨੂੰ ਹੋਰ ਜਾਣਕਾਰੀ ਜਾਂ ਸਲਾਹ ਦੀ ਲੋੜ ਹੈ ਤਾਂ ਲਾਇਸੰਸਿੰਗ ਡਵੀਜ਼ਨ ਨਾਲ 01724 297750’ਤੇ ਸੰਪਰਕ ਕਰੋ।